ਪਿਆਰੇ ਮਾਤਾ-ਪਿਤਾ/ਸਰਪ੍ਰਸਤ,

ਜਿਵੇਂ ਕਿ ਤੁਸੀਂ ਜਾਣਦੇ ਹੋ, ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ (ਕਿਊਪੀ) ਨੇ ਐਲਾਨ ਕੀਤਾ ਹੈ ਕਿ ਇਸ ਦੇ ਮੈਂਬਰ, **ਸੋਮਵਾਰ, 7 ਅਕਤੂਬਰ, 2019** ਨੂੰ ਜੌਬ ਐਕਸ਼ਨ ਨੂੰ ਅੱਗੇ ਵਧਾਉਣਗੇ, ਜੇ ਸੂਬੇ ਅਤੇ ਕੌਂਸਲ ਔਫ ਟ੍ਰਸਟੀਜ਼ ਐਸੋਸੀਏਸ਼ਨਾਂ ਨਾਲ ਗੱਲਬਾਤ ਰਾਹੀਂ ਇਕ ਨਵਾਂ ਸਮੂਹਕ ਸਮਝੌਤਾ ਨਹੀਂ ਹੋਇਆ। ਨਵੇਂ ਜੌਬ ਐਕਸ਼ਨ ਦਾ ਮਤਲਬ **ਸੇਵਾਵਾਂ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਹੋਵੇਗਾ, ਜਿਸ ਨੂੰ ਹੜਤਾਲ ਜਾਂ ਵਾਕ-ਆਉਟ ਵਜੋਂ ਜਾਣਿਆ ਜਾਂਦਾ ਹੈ।** ਹੜਤਾਲ ਦੇ ਸਮੇਂ ਦੌਰਾਨ 18,000 ਤੋਂ ਵੱਧ ਕਰਮਚਾਰੀ ਕੰਮ 'ਤੇ ਨਹੀਂ ਰਹਿਣਗੇ, ਜੋ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਕਰਮਚਾਰੀਆਂ ਦਾ ਲਗਭਗ ਅੱਧਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਕਰਮਚਾਰੀ ਸਕੂਲ ਵਿੱਚ ਕੰਮ ਕਰਦੇ ਹਨ।

ਜੇ ਇਹ ਜੌਬ ਐਕਸ਼ਨ ਤਹਿ ਕੀਤੇ ਅਨੁਸਾਰ ਸ਼ੁਰੂ ਹੋ ਜਾਂਦਾ ਹੈ, ਤਾਂ ਬੋਰਡ **ਸੋਮਵਾਰ, 7 ਅਕਤੂਬਰ, 2019 ਨੂੰ ਸਾਰੇ ਵਿਦਿਆਰਥੀਆਂ ਲਈ ਅਤੇ ਜੌਬ ਐਕਸ਼ਨ ਦੇ ਦੌਰਾਨ ਸਾਰੇ ਸਕੂਲ ਬੰਦ ਕਰ ਦੇਵੇਗਾ।** ਜਦੋਂ ਕਿ ਅਸੀਂ ਸਮਝਦੇ ਹਾਂ ਕਿ ਇਹ ਚੁਣੌਤੀ ਭਰਪੂਰ ਸਮਾਂ ਹੈ, ਮਾਪਿਆਂ ਨੂੰ ਆਪਣੇ ਬੱਚਿਆਂ ਲਈ ਬਦਲਵੇਂ ਪ੍ਰਬੰਧ ਕਰਨ ਦੀ ਜ਼ਰੂਰਤ ਹੋਏਗੀ। ਇਹ ਅਜਿਹਾ ਫੈਸਲਾ ਨਹੀਂ ਹੈ ਜੋ ਅਸੀਂ ਹਲਕੇ ਤਰੀਕੇ ਨਾਲ ਕੀਤਾ ਹੈ ਅਤੇ ਅਸੀਂ ਸਕੂਲਾਂ ਨੂੰ ਖੁੱਲਾ ਰੱਖਣ ਲਈ ਹਰ ਸੰਭਾਵਿਤ ਸੰਯੋਗੀ ਯੋਜਨਾ ਦੀ ਖੋਜ ਕੀਤੀ ਹੈ। ਵਿਦਿਆਰਥੀ ਨਿਗਰਾਨੀ ਅਤੇ ਸੁਰੱਖਿਆ ਸਾਡੀਆਂ ਮੁੱਖ ਤਰਜੀਹਾਂ ਹਨ ਅਤੇ ਸਕੂਲ ਅਧਾਰਤ ਇਨ੍ਹਾਂ ਕਰਮਚਾਰੀਆਂ ਦੀਆਂ ਮਹੱਤਵਪੂਰਣ ਸੇਵਾਵਾਂ ਤੋਂ ਬਿਨਾਂ, ਅਸੀਂ ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦੇ ਕਿ ਸਾਡੇ ਸਿਖਲਾਈ ਦੇ ਵਾਤਾਵਰਣ ਸਾਰੇ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਸਾਫ ਰਹਿਣਗੇ।

ਕਰਮਚਾਰੀ, ਜੋ ਕਿਊਪੀ ਦੇ ਮੈਂਬਰ ਹਨ, ਮਹੱਤਵਪੂਰਣ ਦੈਨਿਕ ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ (ਪਰ ਇਹਨਾਂ ਤੱਕ ਸੀਮਿਤ ਨਹੀਂ):

- ਬਿਲਡਿੰਗ ਅਤੇ ਸਕੂਲ ਗਰਾਊਂਡ ਹਿਫ਼ਾਜ਼ਤ ਅਤੇ ਸੁਰੱਖਿਆ;
- ਲੰਚਰੂਮ ਦੀ ਨਿਗਰਾਨੀ;
- ਪੂਰੇ-ਦਿਨ ਦੀਆਂ ਕਿੰਡਰਗਾਰਟਨ ਕਲਾਸਾਂ ਵਿਚ ਵਿਦਿਅਕ ਸਹਾਇਤਾ;
- ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਨਿਗਰਾਨੀ ਅਤੇ ਸਹਾਇਤਾ;
- ਸੁਰੱਖਿਅਤ ਪਾਣੀ ਦੀ ਜਾਂਚ;
- ਵਾਸ਼ਰੂਮ ਅਤੇ ਵਾਟਰ ਫਾਊਂਟੇਨ ਦੀ ਸਫਾਈ;
- ਹੀਟਿੰਗ ਸਿਸਟਮ ਦੇ ਕੰਮ; ਅਤੇ
- ਸੁਰੱਖਿਅਤ ਆਗਮਨ ਪ੍ਰੋਗਰਾਮ।

ਇਸ ਜੌਬ ਐਕਸ਼ਨ ਦੇ ਦੌਰਾਨ, ਸਾਰੇ ਗੈਰ- ਕਿਉਪੀ ਕਰਮਚਾਰੀ ਸਕੂਲ ਅਤੇ ਪ੍ਰਬੰਧਕੀ ਕੇਂਦਰਾਂ ਵਿੱਚ ਕੰਮ ਕਰਨ ਲਈ ਰਿਪੋਰਟ ਕਰਨਾ ਰੱਖਣਗੇ।

ਵਿਦਿਆਰਥੀਆਂ ਲਈ ਸਕੂਲ ਬੰਦ ਹੋਣ ਤੋਂ ਇਲਾਵਾ, ਜੇ ਸੋਮਵਾਰ ਤੋਂ ਹੜਤਾਲ ਦੀ ਕਾਰਵਾਈ ਸ਼ੁਰੂ ਹੁੰਦੀ ਹੈ ਤਾਂ ਹੇਠ ਦਿੱਤੇ ਪ੍ਰੋਗਰਾਮਾਂ ਅਤੇ ਸੇਵਾਵਾਂ 'ਤੇ ਵੀ ਅਸਰ ਪਵੇਗਾ:

**ਟੀਡੀਐਸਬੀ (TDSB) ਸਕੂਲਾਂ ਵਿੱਚ ਥਰਡ-ਪਾਰਟੀ ਲਾਇਸੰਸਸ਼ੁਦਾ ਚਾਈਲਡ ਕੇਅਰ ਓਪਰੇਟਰ**

ਪੂਰੀ ਹੜਤਾਲ ਦੀ ਕਾਰਵਾਈ ਦੌਰਾਨ ਜਦੋਂ ਸਕੂਲ ਵਿਦਿਆਰਥੀਆਂ ਲਈ ਬੰਦ ਕਰ ਦਿੱਤੇ ਜਾਣਗੇ, ਟੀਡੀਐਸਬੀ ਸਕੂਲਾਂ ਵਿੱਚ ਸਥਿਤ ਥਰਡ ਪਾਰਟੀ (ਤੀਜੀ ਧਿਰ) ਚਾਈਲਡ ਕੇਅਰ ਆਪਰੇਟਰਾਂ ਨੂੰ ਖੁੱਲੇ ਰਹਿਣ ਦੀ ਆਗਿਆ ਦਿੱਤੀ ਜਾਏਗੀ। ਹਾਲਾਂਕਿ, ਓਪਰੇਟਿੰਗ ਸਮਾਂ **ਸਵੇਰੇ 8 ਵਜੇ ਤੋਂ ਸ਼ਾਮ 4:45 ਵਜੇ ਤੱਕ ਵਿਵਸਥਿਤ ਕੀਤਾ ਗਿਆ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਖੋਲ੍ਹਣ ਜਾਂ ਬੰਦ ਕਰਨ ਦਾ ਫੈਸਲਾ ਵੱਖ-ਵੱਖ ਚਾਈਲਡ ਕੇਅਰ ਆਪ੍ਰੇਟਰਾਂ ਦੁਆਰਾ ਲਿਆ ਜਾਵੇਗਾ। ਪੁਸ਼ਟੀ ਕਰਨ ਅਤੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਚਾਈਲਡ ਕੇਅਰ ਆਪ੍ਰੇਟਰ ਨਾਲ ਸਿੱਧਾ ਸੰਪਰਕ ਕਰੋ।**

ਲਾਇਸੰਸਸ਼ੁਦਾ ਚਾਈਲਡ ਕੇਅਰ ਆਪਰੇਟਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਜ਼ਿਆਦਾਤਰ ਸੇਵਾਵਾਂ ਸਿੱਧੇ ਤੌਰ 'ਤੇ ਕਿਉਪੀ ਦੀ ਹੜਤਾਲ ਦੁਆਰਾ ਪ੍ਰਭਾਵਿਤ ਨਹੀਂ ਹੁੰਦੀਆਂ। ਪਰ, ਕੁਝ ਟੀਡੀਐਸਬੀ  ਕਿਉਪੀ ਕਰਮਚਾਰੀਆਂ ਦੀਆਂ ਇਹਨਾਂ ਬੱਚਿਆਂ ਦੀ ਦੇਖਭਾਲ ਦੀਆਂ ਸਹੂਲਤਾਂ ਨੂੰ ਖੋਲ੍ਹਣ ਅਤੇ ਬੰਦ ਕਰਨ ਨਾਲ ਸਬੰਧਤ ਜ਼ਿੰਮੇਵਾਰੀਆਂ ਹਨ।  ਇਨ੍ਹਾਂ ਭੂਮਿਕਾਵਾਂ ਨੂੰ ਪੂਰਾ ਕਰਨ ਲਈ ਸੀਮਤ ਪ੍ਰਬੰਧਨ ਸਟਾਫ ਦੇ ਨਾਲ, ਅਸੀਂ ਇਨ੍ਹਾਂ ਚਾਈਲਡ ਕੇਅਰ ਸੰਚਾਲਨਾਂ ਨੂੰ ਖੁੱਲਾ ਰੱਖਣ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਾਂ, ਪਰੰਤੂ ਸੀਮਿਤ ਸੰਚਾਲਨ ਘੰਟਿਆਂ ਦੇ ਨਾਲ।

**ਟੀਡੀਐਸਬੀ ਐਕਸਟੈਂਡਿਡ ਡੇ ਪ੍ਰੋਗਰਾਮ**

ਪੂਰੀ ਹੜਤਾਲ ਦੀ ਕਾਰਵਾਈ ਦੌਰਾਨ ਜਦੋਂ ਸਕੂਲ ਵਿਦਿਆਰਥੀਆਂ ਲਈ ਬੰਦ ਕੀਤੇ ਜਾਂਦੇ ਹਨ, ਟੀਡੀਐਸਬੀ ਦੁਆਰਾ ਸੰਚਾਲਿਤ ਐਕਸਟੈਂਡਿਡ ਡੇ ਪ੍ਰੋਗਰਾਮ ਵੀ ਸਾਰੇ ਪਰਿਵਾਰਾਂ ਲਈ ਬੰਦ ਕਰ ਦਿੱਤਾ ਜਾਵੇਗਾ। ਇਹ ਚਾਈਲਡ ਕੇਅਰ ਸੇਵਾ ਕਿਉਪੀ ਕਰਮਚਾਰੀਆਂ ਦੁਆਰਾ ਸੰਚਾਲਿਤ ਕੀਤੀ ਜਾਂਦੀ ਹੈ। ਲੇਬਰ ਵਿਘਨ ਦੇ ਦੌਰਾਨ ਮਾਪਿਆਂ/ਸਰਪ੍ਰਸਤਾਂ ਨੂੰ ਕਿਸੇ ਵੀ ਬੰਦ ਕਾਰਨ ਪੈਸੇ ਵਾਪਸ ਕੀਤੇ ਜਾਣਗੇ।

See the full list of TDSB-operated Extended Day Programs.

ਟੀਡੀਐਸਬੀ ਦੁਆਰਾ ਸੰਚਾਲਿਤ ਵਿਸਥਾਰਿਤ ਡੇ ਪ੍ਰੋਗਰਾਮਾਂ ਦੀ ਪੂਰੀ ਸੂਚੀ ਦੇਖੋ

**ਪਰਮਿਟ**

ਪੂਰੀ ਹੜਤਾਲ ਦੀ ਕਾਰਵਾਈ ਦੇ ਦੌਰਾਨ, ਅਧਿਕਾਰਤ ਮਨੋਰੰਜਨ ਪ੍ਰੋਗਰਾਮਾਂ ਸਮੇਤ, ਸਾਰੇ ਸਕੂਲ ਪਰਮਿਟਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

**ਨਿਰੰਤਰ ਸਿੱਖਿਆ (Continuing Education)**

**ਪੂਰੀ ਹੜਤਾਲ ਦੀ ਕਾਰਵਾਈ ਦੌਰਾਨ, ਸਾਰੀਆਂ ਨਿਰੰਤਰ ਸਿੱਖਿਆ ਕਲਾਸਾਂ ਰੱਦ ਕਰ ਦਿੱਤੀਆਂ ਜਾਂਦੀਆਂ ਹਨ। ਇਸ ਵਿੱਚ ਅਡਲਟ ਈਐਸਐਲ, ਅਡਲਟ ਹਾਈ ਸਕੂਲ, ਕ੍ਰੈਡਿਟ ਪ੍ਰੋਗਰਾਮ, ਕਮਿਊਨਿਟੀ ਪ੍ਰੋਗਰਾਮ/ਲਰਨ4ਲਾਈਫ ਅਤੇ ਅੰਤਰਰਾਸ਼ਟਰੀ ਭਾਸ਼ਾਵਾਂ ਐਲੀਮੈਂਟਰੀ/ਅਫਰੀਕੀ ਵਿਰਾਸਤ ਸ਼ਾਮਲ ਹਨ।**

**ਮੀਟਿੰਗਾਂ**
**ਹੇਠਲੀਆਂ ਮੀਟਿੰਗਾਂ ਪੂਰੀ ਹੜਤਾਲ ਦੀ ਕਾਰਵਾਈ ਦੌਰਾਨ ਰੱਦ ਕੀਤੀਆਂ ਜਾਣਗੀਆਂ: ਸਕੂਲ ਕਾਊਂਸਲ ਦੀਆਂ ਮੀਟਿੰਗਾਂ, ਸਲਾਹਕਾਰ ਕਮੇਟੀ ਦੀਆਂ ਮੀਟਿੰਗਾਂ ਅਤੇ ਵਾਰਡ ਫੋਰਮ।**

**ਹਾਲਾਂਕਿ ਟੀਡੀਐਸਬੀ ਸਿੱਧੇ ਤੌਰ 'ਤੇ ਸੂਬਾਈ ਗੱਲਬਾਤ ਵਿਚ ਸ਼ਾਮਲ ਨਹੀਂ ਹੈ, ਬੋਰਡ ਉਮੀਦ ਕਰਦਾ ਹੈ ਕਿ ਸੋਮਵਾਰ,** 7 **ਅਕਤੂਬਰ,** 2019 **ਤੋਂ ਪਹਿਲਾਂ ਇਕ ਨਵਾਂ ਸਮਝੌਤਾ ਹੋ ਜਾਵੇਗਾ। ਜੇ ਇਕ ਸਮਝੌਤਾ ਹੋ ਜਾਂਦਾ ਹੈ, ਤਾਂ ਸਕੂਲ ਸੋਮਵਾਰ ਨੂੰ ਆਮ ਵਾਂਗ ਖੁੱਲ੍ਹਣਗੇ।**

ਅਸੀਂ ਵੀਕਐਂਡ 'ਤੇ ਸਾਰੇ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਅਪਡੇਟ ਪ੍ਰਦਾਨ ਕਰਨ ਲਈ ਵਚਨਬੱਧ ਹਾਂ।

ਜਾਰੀ ਅਪਡੇਟਾਂ ਅਤੇ ਨਵੀਨਤਮ ਜਾਣਕਾਰੀ ਲਈ, ਕਿਰਪਾ ਕਰਕੇ www.tdsb.on.ca/labour ਨੂੰ ਚੈੱਕ ਕਰਨਾ ਜਾਰੀ ਰੱਖੋ ਅਤੇ ਟਵਿੱਟਰ 'ਤੇ @tdsb ਨੂੰ ਫੌਲੋ ਕਰੋ।